# ਬੀਬਾ ਬਲਵੰਤ ਦੇ ਕਾਵਿ-ਸੰਗ੍ਰਹਿ ' ਕਥਾ ਸਰਾਪੇ ਬਿਰਖ ਦੀ ਵਿਚਲੀ ਤ੍ਰਾਸਦਿਕ ਸੰਵੇਦਨਾ

ਡਾ ਕਮਲਪ੍ਰੀਤ ਕੌਰ
ਪ੍ਰਿੰਸੀਪਲ
ਗੁਰੂ ਗੋਬਿੰਦ ਸਿੰਘ ਕਾਲਜ, ਗਿੱਦੜਬਾਹਾ

Received: April 13, 2019 Accepted: May 21, 2019

ਸਮਕਾਲੀ ਪੰਜਾਬੀ ਕਵਿਤਾ ਵਿੱਚ ਬੀਬਾ ਬਲਵੰਤ ਇੱਕ ਪਛਾਣਯੋਗ ਹਸਤਾਖ਼ਸ਼ਰ ਹੈ। ਉਸ ਦੀ ਪਛਾਣ ਕਈ ਪਹਿਲੂਆਂ ਤੋਂ ਮੌਲਿਕ ਤੇ ਵਿਲੱਖਣ ਹੈ। ਉਹ ਇੱਕ ਬਹੁਪੱਖੀ ਕਲਾਕਾਰ ਹੈ। ਉਹ ਸ਼ਾਇਰ ਵੀ ਹੈ ਤੇ ਫੋਟੋਗ੍ਰਾਫਰ ਵੀ, ਅਦਾਕਾਰ ਵੀ ਹੈ ਤੇ ਨਿਰਦੇਸ਼ਕ ਵੀ। 'ਕਥਾ ਸ਼ਰਾਪੇ ਬਿਰਖ ਦੀ' ਬੀਬਾ ਬਲਵੰਤ ਦਾ ਚੌਥਾ ਕਾਵਿ-ਸੰਗ੍ਰਹਿ ਹੈ ਜੋ ਸਾਲ 2004 ਵਿੱਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ ਸੀ। ਪੰਦਰਾਂ ਸਾਲ ਬਾਅਦ ਇਸ ਕਾਵਿ-ਸੰਗ੍ਰਹਿ ਦਾ ਪੁਨਰ-ਪ੍ਰਕਾਸ਼ਨ ਕਵੀ ਦੀ ਸੁਹਿਰਦ ਸ਼ਾਇਰੀ ਦੀ ਪ੍ਰੋੜਤਾ ਨੂੰ ਦਰਸਾਉਂਦਾ ਹੈ। ਇਸ ਕਾਵਿ-ਸੰਗ੍ਰਹਿ ਦੇ ਆਰੰਭ ਵਿੱਚ ਡਾ: ਰਵੀ ਦੁਆਰਾ 'ਬੀਬਾ ਬਲਵੰਤ : ਕਬਰ 'ਤੇ ਉੱਗਿਆ ਕਾਲਾ ਫੁੱਲ' ਰੇਖਾ-ਚਿੱਤਰ ਪੇਸ਼ ਕੀਤਾ ਗਿਆ ਹੈ। ਇਹ ਰੇਖਾ ਚਿੱਤਰ ਬੀਬਾ ਬਲਵੰਤ ਦੇ ਬਿਰਹੋਮਈ ਪਲਾਂ ਵਿੱਚੋਂ ਗੁਜ਼ਰਦੀ ਜਿੰਦਗੀ ਦੇ ਰੁਦਨਮਈ ਵੇਰਵਿਆਂ ਨੂੰ ਬਿਆਨ ਕਰਦਾ ਹੈ : -

"ਉਹ ਵੀ ਤਾਂ ਆਪਣੇ ਹਿੱਸੇ ਦਾ ਜ਼ਹਿਰ ਪੀ ਰਿਹਾ ਹੈ
ਆਪਣੇ ਹਿੱਸੇ ਦਾ ਸੀਰ ਪੀ ਰਿਹਾ ਹੈ
(ਉਂਜ) ਮੁਹੱਬਤ ਵੀ ਤਾਂ ਮੁੱਢ-ਕਦੀਮ ਦੀ ਪੁਰਾਣੀ ਸ਼ੈਅ ਹੈ
ਜੋ ਸਾਰੀ ਗੱਲ
ਸਥਾਪਤ ਆਸ਼ਕਾਂ, ਸ਼ਾਇਰਾਂ 'ਤੇ ਆ ਕੇ ਮੁੱਕ ਜਾਂਦੀ
ਤਾਂ ਸ਼ਾਇਦ ਮਿਰਜੇ, ਰਾਂਝੇ, ਮਹੀਂਵਾਲ ਤੋਂ ਬਾਅਦ
ਨਾ ਆਸ਼ਕ ਜੰਮਦੇ
ਨਾ ਵਾਰਿਸ, ਪੀਲੂ, ਸ਼ਿਵ ਕੁਮਾਰ ਤੋਂ ਪਿਛੋਂ ਸ਼ਾਇਰ।
ਉਹਦੇ ਨਾਲ ਪਹਿਲੀ ਸਾਜ਼ਿਸ਼ ਉੱਦੋਂ ਹੋਈ
ਜਦੋਂ ਕਿਸੇ ਬਾਂਝ ਰਿਸ਼ਤੇ ਦੀ ਕੁੱਖ ਭਰਨ ਲਈ
ਉਹਨੂੰ ਇੱਕ ਅੱਟੀ ਸੂਤ ਬਦਲੇ ਵੇਚ ਦਿੱਤਾ ਗਿਆ ਸੀ।"(1)

ਉਸਦੀਆਂ ਅੱਧੀਆਂ-ਅਧੂਰੀਆਂ ਸੱਧਰਾਂ ਵਿੱਚੋਂ ਗੁਜ਼ਰਦੀ ਜ਼ਿੰਦਗੀ ਕਿਸੇ ਵੀ ਜਿਸਮ ਨੂੰ ਕੈਨਵਸ 'ਤੇ ਉਤਾਰਨ ਸਮੇਂ ਜਿਸਮ ਦੀ ਕਾਮੁਕਤਾ ਤੋਂ ਨਿਰਛਲ ਰਹਿੰਦੀ ਹੈ ਅਤੇ ਉਹ ਇੱਕ ਬੀਬਾ ਬਣ ਕੇ ਹੀ ਵਿਚਰਦਾ ਦਿਖਾਈ ਦਿੰਦਾ ਹੈ। ਉਹ ਆਪਣੇ ਆਪਵਿੱਚ ਸਹਿਜ ਹੋ ਕੇ ਸ਼ਾਲੀਨਤਾ ਦਾ ਪੱਲਾ ਨਹੀਂ ਛੱਡਦਾ ਤੇ ਨਾ ਹੀ ਆਪਣੀ ਤਨਹਾਈ ਤੋਂ ਡਰਦਾ ਹੈ। ਬਲਕਿ ਘਰ ਦੀ ਇੱਕ ਸੁਘੜ ਸਿਆਣੀ ਔਰਤਵਾਂਗ ਧਰਵਾਸ ਰੱਖਦਿਆਂ ਆਪਣੇ ਦੁੱਖ ਨੂੰ ਆਪਣੇ ਅੰਦਰ ਹੀ ਜਜਬ
ਕਰ ਲੈਂਦਾ ਹੈ।

ਬੀਬਾ ਬਲਵੰਤ ਦੀ ਸ਼ਾਇਰੀ ਦਾ ਕੇਂਦਰੀ ਕੋਡ ਮੁਹੱਬਤ ਦੀ ਚਿਹਨਕਾਰੀ ਕਰਦਾ ਹੈ। ਉਸਦੀ ਸ਼ਾਇਰੀ ਦਾ ਪ੍ਰਵਚਨ ਮਹਿਬੂਬ ਦੀ ਹਿਜਰਤ ਨੂੰ ਬਿਆਨ ਕਰਦੇ ਹੋਏ ਵੀ ਇੱਕ ਵਸਲਮਈ ਤਾਂਘ ਨੂੰ ਪ੍ਰਗਟਾਉਂਦਾ ਨਜਰ ਆਉਂਦਾ ਹੈ। ਇਸ ਤਰ੍ਹਾਂ ਦੀ ਬਿਰਹਾ ਨੂੰ ਬਿਆਨ ਕਰਦਿਆਂ ਉਹ ਇੱਕ ਜੀਵੰਤ ਅਹਿਸਾਸ ਨੂੰ ਜਿਊਣ ਦੀ ਕੋਸ਼ਿਸ਼ ਕਰਦਾ ਹੈ। ਉਹ ਸੂਰਜ ਨੂੰ ਮਹਿਬੂਬ ਦੇ ਰੂਪ ਵਿੱਚ ਕਿਆਸ ਕੇ ਪਿਆਰ ਦੀ ਇੱਕ ਛੋਟੀ ਜਿਹੀ ਕਿਰਨ ਪਾਉਣ ਦੀ ਅਰਜੋਈ ਕਰਦਾ ਹੈ ਜਿਸ ਦੇ ਸਾਹਾਂ ਦੀ ਮਹਿਕ ਦੇ ਨਾਲ ਉਸਦੇ ਮਨ ਦੀ ਬੰਜਰ ਧਰਤੀ ਫਿਰ ਤੋਂ ਜੀਅ ਉੱਠੇਗੀ।

ਤੂੰ ਸੂਰਜ !

ਮੇਰੀ ਅਰਜੋਈ
ਤੇਰੇ ਕੋਲ ਨੇ ਕਿਰਨਾਂ ਕਿਰਨਾਂ
ਤੂੰ ਅੰਬਰ ਰੁਸ਼ਨਾਇਆ
...................................
ਖ਼ੁਸ਼ਬੂ ਵਰਗੇ ਆਪਣੇ ਹੱਥੀਂ
ਇੱਕ ਕਲਮ ਕਿਰਨ ਦੀ ਲਾ
ਬੰਜਰ ਧਰਤੀ ਮੌਲ ਪਏਗੀ।
........... ਤੇ ਕਿਰਨਾਂ ਦਾ ਲੱਗਿਆ ਬੂਟਾ
ਸਾਹ ਤੇਰੇ ਦੀ ਮਹਿਕ ਨਾਲ ਕੁਝ ਪਲ ਜਾਏਗਾ
ਰੂਹ ਮੇਰੀ ਸਦੀਆਂ ਤੋਂ ਠਰਦੀ
ਨਿੱਘ ਇਸਦਾ ਮਾਣ ਲਏਗੀ। ''(2)

ਮਨੁੱਖ ਜਿਸਨੂੰ ਵੀ ਪਿਆਰ ਕਰਦਾ ਹੈ ਉਸਦੇ ਮਿਲਣ ਦੀ ਤਾਂਘ ਹਮੇਸ਼ਾ ਹੀ ਉਸਦੇ ਅੰਤਰਮਨ ਨੂੰ ਝੰਜੋੜਦੀ ਰਹਿੰਦੀ ਹੈ। 'ਕਥਾ ਸਰਾਪੇ ਬਿਰਖ ਦੀ' ਕਵਿਤਾ ਮਹਿਬੂਬ ਦੇ ਦੀਦਾਰ ਦੀ ਵਿਆਕੁਲਤਾ ਨੂੰ ਕਵੀ ਦੀ ਉਤੇਜਨਾ ਦੇ ਅਕਸ ਦੁਆਰਾ ਪੇਸ਼ ਕਰਦੀ ਹੈ। ਬੀਬਾ ਆਪਣੇ ਆਪ ਨੰ ਸ਼ਰਾਪੇ ਹੋਏ ਬਿਰਖ ਦੇ ਰੂਪ ਵਿੱਚ ਤੇ ਆਪਣੇ ਮਹਿਬੂਬ ਨੂੰ ਪੰਛੀ ਵਾਂਗ ਤਸੱਵਰ ਕਰਦਾ ਹੈ। ਮਹਿਬੂਬ ਦੀ ਆਮਦ ਨਾਲ ਉਸ ਦੇ ਅੰਦਰ ਵੀ ਪਿਆਰ ਦੀਆਂ ਕਰੂੰਬਲਾਂ ਫੁੱਟ ਪੈਂਦੀਆਂ ਹਨ ਜੋ ਉਸਦੇ ਵਜੂਦ ਨੂੰ ਪੂਰੀ ਤਰ੍ਹਾਂ ਰੁਸ਼ਨਾ ਦਿੰਦੀਆਂ ਹਨ। ਪਰੰਤੂ ਅਚਾਨਕ ਹੀ ਉਸ ਮਹਿਬੂਬ ਦੇ ਟੁਰ ਜਾਣ ਕਾਰਨ ਉਸਦਾ ਅੰਤਰਮਨ ਵਿਛੋੜੇ ਦੇ ਦੁੱਖ ਵਿੱਚ ਵਿਰਲਾਪ ਕਰਨ ਲੱਗ ਪੈਂਦਾ ਹੈ। ਉਹ ਫਿਰ ਤੋਂ ਧਰਵਾਸ ਰੱਖਦਿਆਂ ਆਪਣੇ ਮਹਿਬੂਬ ਦੀ ਹਿਜਰਤ ਨੂੰ ਸੀਨੇ ਵਿੱਚ ਦਫਨ ਕਰਕੇ ਦੁਬਾਰਾ ਉਸ ਦੀ ਉਡੀਕ ਕਰਨ ਲੱਗ ਪੈਂਦਾ ਹੈ : -

"ਤੂੰ ਗੀਤ ਗਾਉਂਦੇ, ਚਹਿਕਦੇ ਪੰਛੀ ਦੀ ਤਰ੍ਹਾਂ –
ਮੇਰੀ ਇੱਕ ਟਾਹਣੀ 'ਤੇ ਆ ਬੈਠੀ।
ਮੇਰੇ ਵਜੂਦ ਵਿੱਚ
ਮਹਿਕ ਜਹੀ ਭਰ ਗਈ
ਮੇਰੇ ਆਸ ਪਾਸ ਪਸਰੀ
ਉਹ ਸੁੰਨਸਾਂ ਜਹੀ ਡਰ ਗਈ
ਮੇਰੀ ਹਰ ਟਾਹਣੀ 'ਚੋਂ
ਕਰੂੰਬਲਾਂ ਫੁੱਟੀਆਂ
ਪੱਤੇ ਜੁਆਨ ਹੋਏ
ਫੁੱਲ ਖਿੜੇ
ਫੁੱਲ ਲੱਗੇ
ਮੈਂ ਮਹਿਕ ਮਹਿਕ ਹੋ ਕੇ
ਦਿਸਹੱਦੇ ਤੱਕ ਫੈਲਿਆ
--------------------
ਤੂੰ ਇਸ ਹਰੀ ਭਰੀ ਟਾਹਣੀ 'ਤੋਂ
ਅਚਾਨਕ ਹੀ ਉੱਡ ਜਾਣਾਂ,
--------------------
ਰੁੱਖ ਟਾਹਣੀ ਨੂੰ ਸਮਝਾਏਗਾ
ਜੜ੍ਹ ਦਾ ਦੁੱਖ ਆਪਣੀ ਕੁੱਖ ਵਿੱਚ ਲੁਕਾਏਗਾ ।
ਮੈਂ ਜੋ ਸ਼ਰਾਪਿਆ ਬਿਰਖ ਹਾਂ
ਜਿਸ ਨੂੰ ਧੁਰ ਜੜ੍ਹਾਂ ਤੋਂ ਲੈ ਕੇ ਸਿਖ਼ਰ ਤੱਕ

ਤੇਰੀ ਚਾਹਤ ਹੈ –
ਚਹਿਕਦੇ ਗਾਉਂਦੇ ਪੰਛੀ ਦੀ
ਫਿਰ ਕਦੇ ਪਰਤਣ ਦੀ ਉਡੀਕ ਕਰਾਂਗਾ
ਤੇਰੇ ਗੀਤ ਦਾ
ਤੇਰੇ ਸੰਗੀਤ ਦਾ
ਸਦਾ ਹੀ ਦਮ ਭਰਾਂਗਾ।
ਮੈਂ ਜੋ ਸਰਾਪਿਆ ਬਿਰਖ਼ ਹਾਂ।"(3)

ਬੀਬਾ ਦੀ ਕਾਵਿ-ਸੰਵੇਦਨਾ ਨਿਜੀ ਅਨੁਭਵ ਦੇ ਦੋਹਰੇ ਪਾਸਾਰ ਨੂੰ ਸਿਰਜਦੀ ਹੈ। ਕਵੀ ਦਾ ਮਹਿਬੂਬ ਹੇਰਵਾ ਬਿਰਹਾ ਦੇ ਰੋਮਾਂਟਿਕ ਭਾਵਾਂ ਨੂੰ ਇਕਬਾਲੀਆ ਪ੍ਰਵਚਨ ਦੁਆਰਾ ਪੇਸ਼ ਕਰਦਾ ਹੈ। ਉਸਦੇ ਸਵੈ ਪੀੜਾ ਜਖ਼ਮੀ ਅਤੇ ਕੁੰਠਾਗ੍ਰਸਤ ਆਪੇ ਨੂੰ ਮਹਿਬੂਬ ਦੇ ਦੀਦਾਰ ਕਰਕੇ ਵਸਲ ਪਾਉਣਾ ਲੋਚਦੀ ਹੈ। ਮੁਹੱਬਤ ਦੀ ਇਸ ਤਾਂਘ ਨੂੰ ਉਹ ਬਿਰਹਨ ਦੇ ਵਿਛੋੜੇ ਦੇ ਅਹਿਸਾਸ ਦੁਆਰਾ ਪ੍ਰਗਟਾਉਦਾ ਹੈ : -

ਸੰਘਣੇ ਨੇਰ੍ਹੇ ਭਟਕ ਰਿਹਾ ਸਾਂ
ਅੱਧ ਅਸਮਾਨੇ ਲਟਕ ਰਿਹਾ ਸਾਂ
ਸਮੇਂ ਦੀ ਅੱਖ ਦੀ ਪਲਕ ਦੇ ਉੱਤੇ
ਹੰਝੂ ਵਾਂਗੂ ਲਟਕ ਰਿਹਾ ਸਾਂ।
-------------------------
ਸੱਜਣਾਂ ਦੀ ਕੋਈ ਖਬਰ ਨਾ ਸਾਰ
ਉਮਰਾਂ ਲੰਘੀਆਂ ਪੱਬਾਂ ਭਾਰ
ਬਿਰਹਣ ਜਿਸ ਨੂੰ ਸਦਾ ਉਡੀਕੇ
ਤੇਰੀਆਮਦ ਉਹ ਖ਼ਤ
ਇਹੀਓ ਸ਼ਾਇਦ ਮੁਹੱਬਤ।"(4)

ਬੀਬਾ ਬਲਵੰਤ ਅਨੁਸਾਰ ਅਜੋਕੇ ਦੌਰ ਦੀ ਕਵਿਤਾ ਦਾ ਸਰੂਪ ਬਦਲ ਗਿਆ ਹੈ। ਅੱਜ ਕਵਿਤਾ ਮਹਿਬੂਬ ਦੇ ਗੁਲਾਬੀ ਬੁਲ੍ਹਾਂ ਤੇ ਉਸਦੇ ਲੰਮੇ ਵਾਲਾਂ ਦੀ ਉਪਮਾ ਨਹੀਂ ਗਾਉਂਦੀ। ਬਲਕਿ ਇਹ ਤਾਂ ਰੰਗਾਂ ਤੋਂ ਭੈਅ ਖਾ ਕੇ ਆਪਣੇ ਜਖ਼ਮੀ ਅਹਿਸਾਸਾਂ ਨਾਲ ਲਹੂ-ਲੁਹਾਨ ਹੁੰਦੀ ਨਜ਼ਰ ਆ ਰਹੀ ਹੈ। ਅੱਜ ਦੀ ਕਵਿਤਾ ਖ਼ੁਸ਼ੀ ਦੇ ਗੀਤਾਂ ਨੂੰ ਛੱਡ ਕੇ ਮਰਸੀਆ ਗਾਉਂਦੀ ਨਜਰ ਆਉਂਦੀ ਹੈ :-

ਅੱਜ ਕੱਲ੍ਹ ਕਵਿਤਾ ਬੜੀ ਉਦਾਸ।
ਇਸ ਦੇ ਜ਼ਖ਼ਮੀ ਨੇ ਅਹਿਸਾਸ।
ਕਵਿਤਾ ਹੰਝੂ ਬਣ ਕੇ ਕਿਰਦੀ,
ਕਵਿਤਾ ਸਿਵੇ ਫੋਲਦੀ ਫਿਰਦੀ।
ਕਵਿਤਾ ਰੰਗਾਂ ਤੋਂ ਭੈਅ ਖਾਏ,
ਇਸ ਨੂੰ ਨੇਰ੍ਹੇ ਦਾ ਸੰਗ ਭਾਏ।
ਇਸ ਦੀ ਗੁੰਮੀ ਹੈ ਮੁਸਕਾਣ,
ਕਵਿਤਾ ਵਿਰਦੀ ਲਹੂਲੁਹਾਣ।

........................................

ਹੁਣ ਇਹ ਜਨਮ ਦਿਨਾਂ ਦੀ ਸੌਂਕਣ
ਜਾ ਕੇ ਭੋਗ ਬਰਸੀਆਂ ਮਾਣੇ
ਸਾਰੇ ਵਾਦ ਵਿਵਾਦ ਨਿਤਾਣੇ
ਇਸ ਨੂੰ ਕੁਛ ਨਾ ਆਉਂਦਾ ਰਾਸ

ਹੁਣ ਇਹ ਚੀਕਾਂ ਕੂਕਾਂ ਵੈਣ
ਜਾ ਕੇ ਸਿਵਿਆਂ ਦੀ ਅੱਗ ਸੇਕੇ
ਮੰਗਦੀ ਅੱਧ ਜਲਿਆ ਜਿਹਾ ਮਾਸ
ਅੱਜ ਕਲ੍ਹ ਕਵਿਤਾ ਬੜੀ ਉਦਾਸ ।"(5)

ਮਨੁੱਖ ਲਈ ਜੀਵਨ ਇੱਕ ਲੰਮੇ ਸਫ਼ਰ ਵਾਂਗ ਹੈ । ਜਿਸ ਅੰਦਰ ਉਹ ਸਮਾਜਿਕ ਬੰਧਨਾਂ ਵਿੱਚ ਬੱਝ ਕੇ ਸਾਰੀਆਂ ਰੀਤਾਂ ਨਿਭਾਉਂਦਾ ਹੈ। ਉਹ ਬਿਨ੍ਹਾਂ ਸੋਝੇ ਸਮਝੇ ਕਿਸੇ ਅੰਤਹੀਣ ਸਫ਼ਰ ਵੱਲ ਤੁਰਿਆ ਜਾ ਰਿਹਾ ਹੁੰਦਾ ਹੈ। ਇਸਨੂੰ ਚਾਹੇ ਉਸਦਾ ਸਬਰ ਸਮਝੋ ਜਾਂ ਕੋਈ ਮਜਬੂਰੀ , ਜਿੰਦਗੀ ਉਸ ਲਈ ਇੱਕ ਬਲਦੇ ਹੋਏ ਸਿਵੇ ਤੋਂ ਘੱਟ ਨਹੀਂ ਹੈ। ਦੁਨਿਆਵੀ ਸਿਵਾ ਤਾਂ ਬਾਹਰਲੀ ਹੋਂਦ ਦੇ ਅੰਤ ਨੂੰ ਪ੍ਰਗਟਾਉਂਦਾ ਹੈ ਪਰ ਮਨੁੱਖ ਦੇ ਅੰਦਰ ਹਰ ਵਕਤ ਬਲਦੇ ਦੁੱਖਾਂ ਦੇ ਸਿਵੇ ਕਿਸੇ ਅੰਤਹੀਣ ਸਿਵੇ ਦੇ ਸਮਾਨ ਹੀ ਜਾਪਦੇ ਹਨ :-

ਸਿਵਾ ਕਿਸੇ ਦਾ ਅੰਤ ਨਹੀਂ ਹੁੰਦਾ
ਬੱਸ ਬੰਦੇ ਦਾ ਫਿਕਰ ਜਿਹਾ ਹੈ
---------------------
ਉਂਞ ਸਿਵਾ ਤਾਂ ਹਰ ਥਾਂ ਬਲਦਾ
ਸਦਾ ਹੀ ਬਲਦਾ
ਹਰ ਪਲ ਬੰਦਾ ਅੰਦਰੋਂ ਢਲਦਾ
ਆਪਣੀ ਹੀ ਅੱਗ ਅੰਦਰ ਜਲਦਾ
ਇਹ ਵੀ ਸਿਵਿਆਂਦੀ ਮਜਬੂਰੀ
ਇਹ ਵੀ ਸਿਵਿਆਂ ਲਈ ਜਰੂਰੀ
ਸਿਵਾ ਕਿਸੇ ਦਾ ਫਿਕਰ ਜਿਹਾ ਹੈ
ਜਾਂ ਫਿਰ ਉਸ ਦੀ ਸੋਚ ਮੁਤਾਬਕ
ਸਿਰਫ਼ ਇਕ ਲੰਮਾ ਸਫ਼ਰ ਜਿਹਾ ਹੈ ।
ਸਿਵਾ ਕਿਸੇ ਦਾ ਅੰਤ ਨਹੀਂ ਹੁੰਦਾ ।"(6)

ਬੀਬਾ ਬਲਵੰਤ ਲਈ ਮਹਿਬੂਬ ਇੱਕ ਸੱਚੇ-ਸੁੱਚੇ ਆਦਰਸ਼ ਵਾਲਾ ਮੁਜੱਸਮਾ ਹੈ । ਜਿਸਨੂੰ ਉਹ ਸ੍ਰਿਸ਼ਟੀ ਦੇ ਵੱਖ ਵੱਖ ਰੂਪਾਂ ਵਿੱਚ ਮਾਨਵੀਕ੍ਰਿਤ ਕਰਕੇ ਦੇਖਣ ਦਾ ਯਤਨ ਕਰਦਾ ਹੈ। ਉਹ ਮਹਿਬੂਬ ਨੂੰ ਸੂਰਜ ਨਦੀ, ਪੰਛੀ ਹਵਾ, ਰੁੱਤ ਦਰਿਆ ਆਦਿ ਵੱਖ ਵੱਖ ਰੂਪ ਵਿੱਚ ਸੰਬੋਧਨ ਕਰਦਾ ਵਿਖਾਈ ਦਿੰਦਾ ਹੈ। ਉਸਦੇ ਵਿਯੋਗ ਦੀ ਧੁਨੀ ਵਿੱਚ ਵਸਲ ਦੀ ਇੱਕ ਤਾਂਘ ਹਮੇਸ਼ਾ ਹੀ ਬਣੀ ਰਹਿੰਦੀ ਹੈ। ਉਸਦੀ ਸ਼ਾਇਰੀ ਦਾ ਪ੍ਰਵਚਨ ਮਹਿਬੂਬ ਨੂੰ ਆਦਰਸ਼ ਰੂਪ ਨੂੰ ਪ੍ਰਗਟਾਉਂਦਾ ਹੈ। ਸਧਾਰਨ ਰੂਪ ਵਿੱਚ ਕਵੀ ਦੇ ਨਿਜੀ ਅਹਿਸਾਸ ਕੁਦਰਤ ਨਾਲ ਇੱਕਮਿੱਕ ਹੋਏ ਪ੍ਰਤੀਤ ਹੁੰਦੇ ਹਨ। ਉਸਦੀ ਕਵਿਤਾ ਉਦਾਸੀ ਅਤੇ ਵਿਛੋੜੇ ਤੋਂ ਪਾਰ ਜਾ ਕੇ ਮੁਹੱਬਤ ਨੂੰ ਇੱਕ ਡੂੰਘੇ ਅਹਿਸਾਸ ਦੁਆਰਾ ਅਭਿਵਿਅਕਤ ਕਰਕੇ ਚਿਰ ਸਦੀਵੀ ਬਣਾਉਂਦੀ ਹੈ। ਕਵੀ ਲਈ ਪਿਆਰ ਇੱਕ ਇਬਾਦਤ ਹੈ ਜੋ ਕਿਸੇ ਖੁਦਗਰਜ਼ੀ ਤੋਂ ਉਪਰ ਉੱਠ ਕੇ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਵਿਖਾਈ ਦਿੰਦਾ ਹੈ। ਜਿਸਨੂੰ ਉਹ ਰੁੱਤ ਦੇ ਚਿਹਨ ਦੁਆਰਾ ਵਾਪਿਸ ਪਰਤਣ ਲਈ ਇੱਕ ਸੁਨੇਹਾ ਦਿੰਦਾ ਹੈ :-

ਬੜੇ ਦਿਨਾਂ ਤੋਂ ਰੁੱਤ ਨਹੀਂ ਪਰਤੀ
--------------------
ਉਸ ਰੁੱਤ ਨੂੰ ਕੋਈ ਦਿਓ ਸੁਨੇਹਾਂ
ਜਿਸ ਰੁੱਤ ਨੂੰ ਕੋਈ ਸਦਾ ਉਡੀਕੇ
ਉਸ ਰੁੱਤ ਲਈ ਮੇਰੀ ਜਿੰਦ ਸਹਿਕਦੀ
ਰੁੱਤ ਕਿ ਜਿਸ ਵਿਚ ਫ਼ਿਜ਼ਾ ਮਹਿਕਦੀ
ਬੜੇ ਦਿਨਾਂ ਤੋਂ ਰੁੱਤ ਨਹੀਂ ਪਰਤੀ
ਉਸ ਰੁੱਤ ਨੂੰ ਕੋਈ ਦਿਓ ਸੁਨੇਹਾ ।"(7)

ਬੀਬਾ ਬਲਵੰਤ ਦੀ ਸ਼ਾਇਰੀ ਮੁਹੱਬਤ ਦੇ ਸਦੀਵੀ ਅਹਿਸਾਸ ਅਤੇ ਵਸਲ ਦੀ ਵੇਗਮਈ ਤਾਂਘ ਨੂੰ ਪ੍ਰਗਟਾਉਂਦੀ ਹੈ। ਬੀਬਾ ਬਲਵੰਤ ਦੀ ਕਵਿਤਾ ਵਿਚਲੀ ਪਾਕ ਮੁਹੱਬਤ ਦਾ ਮਹਿਬੂਬ ਕਿਸੇ ਆਦਰਸ਼ ਮਾਡਲ ਦਾ ਚਿਹਨ ਹੋ ਨਿਭੜਦਾ ਹੈ। ਜੋ ਸ੍ਰਿਸ਼ਟੀ ਦੇ ਵੱਖ ਵੱਖ ਰੂਪਾਂ ਵਿੱਚ ਇੱਕਮਿਕ ਹੋ

ਕੇ ਸੁਹਜਾਤਮਕ ਪਾਸਾਰਾਂ ਦੀ ਸਿਰਜਣਾ ਨੂੰ ਪੇਸ਼ ਹੁੰਦਾ ਹੈ। ਮੁਹੱਬਤ ਦੇ ਅਨੇਕਾਂਜੀਵੰਤ ਪਾਸਾਰਬੀਬਾ ਬਲਵੰਤ ਦੀ ਸ਼ਾਇਰੀ ਵਿੱਚ ਪ੍ਰਤੀਕਾਤਮਕ ਪ੍ਰਵਚਨ ਦੁਆਰਾ ਪ੍ਰਗਟ ਹੁੰਦੇ ਹਨ। ਉਸਦੀ ਚੇਤਨਾ ਮੁਹੱਬਤ ਦੇ ਰੁਦਨ ਤੇ ਉਦਾਸੀ ਨੂੰ ਸਮਾਜਿਕ ਟਕਰਾਓ ਤੋਂ ਦੂਰ ਰੱਖ ਕੇ ਸਵੈ-ਦਵੰਦ ਦੇ ਦੁਖਦ ਅਹਿਸਾਸ ਦੁਆਰਾ ਪ੍ਰਗਟਾਉਣ ਦੇ ਆਹਾਰ ਵਿੱਚ ਹੈ। ਇਹ ਕਵਿਤਾ ਵਿਪਰੀਤ ਪ੍ਰਸਥਿਤੀਆਂ ਵਿੱਚ ਵੀ ਮਰਯਾਦਾ ਦਾ ਪੱਲਾ ਨਹੀਂ ਛੱਡਦੀ। ਇਸ ਪੁਸਤਕ ਵਿਚਲੀਆਂ ਸਵੈ-ਕੇਂਦਰਿਤ ਕਵਿਤਾਵਾਂ ਬੀਬਾ ਬਲਵੰਤ ਦੀ ਸ਼ਾਇਰੀ ਵਿਚਲੀ ਮੁਹੱਬਤ ਨੂੰ ਆਦਰਸ਼ ਰੂਪ ਵਿੱਚ ਸਿਰਜਣ ਲਈ ਭਾਵੀ ਸੁਰ ਅਖਤਿਆਰ ਕਰਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ

1. ਬੀਬਾ ਬਲਵੰਤ , 'ਕਥੀ ਸਰਾਪੇ ਬਿਰਖ ਦੀ' ,ਪੰਨਾ-10-11
2. ਉਹੀ,ਪੰਨਾ 19-20
3. ਉਹੀ, ਪੰਨਾ-21-23-25
4. ਉਹੀ, ਪੰਨਾ-43-44
5. ਉਹੀ, ਪੰਨਾ-61-62
6. ਉਹੀ, ਪੰਨਾ - 56-57
7. ਉਹੀ, ਪੰਨਾ- 50-51